# ਨਾਟਕ ਰੁਲਦਾ ਸਿੰਘ ਕਿਸਾਨ ਦਾ

(ਨਾਟਕ ਸ਼ੁਰੂ ਹੋਣ 'ਤੇ ਪਿੱਠ ਭੂਮੀ ਤੋਂ ਆਵਾਜ਼ ਆਉਂਦੀ ਹੈ-ਕਿਸੇ ਵਿਅਕਤੀ ਦੇ, ਕੌਮ ਦੇ, ਲਹਿਰਾਂ ਦੇ ਇਤਿਹਾਸ ਵਿਚ ਐਸੀਆਂ ਘੜੀਆਂ ਆਉਂਦੀਆਂ ਹਨ ਜਾਂ ਘਟਨਾਵਾਂ ਵਾਪਰਦੀਆਂ ਹਨ, ਜਿਨ੍ਹਾਂ ਦਾ ਫੌਰੀ ਪ੍ਰਤੀਕਰਮ ਹੁੰਦਾ ਹੈ। ਇਹ ਪ੍ਰਤੀਕਰਮ ਬਹੁਤ ਵਾਰ ਲਹਿਰ ਦੀ ਦਿਸ਼ਾ ਵੱਲ ਸੰਕੇਤ ਕਰਦਾ ਹੈ। ਇਹ ਨਾਟਕ ਇਸ ਦਿਸ਼ਾ ਦੀ ਗੱਲ ਕਰਦਾ ਹੈ ਗੁਰੂ ਤੇ ਚੇਲਾ ਮੰਚ 'ਤੇ ਆਉਂਦੇ ਹਨ।)

- : ਚੇਲਾ ਜੀ, ਇਹ ਮੰਡੀ ਵਿਚ ਰੌਲਾ ਕਾਹਦਾ ਹੈ ?
- : ਗੁਰੂ ਦੇਵ, ਰੁਲਦਾ ਸਿੰਘ ਕਿਸਾਨ ਨੇ ਇਕ ਇੰਸਪੈਕਟਰ ਨੂੰ ਚੁੱਕ ਕੇ ਝੋਨੇ ਦੇ ਢੇਰ ਵਿਚ ਸੁੱਟ ਦਿੱਤਾ ਏ।
- : ਕਿਉਂ ?
- : ਝੋਨੇ ਦਾ ਭਾਅ ਲਗਾਉਣ ਵਿਚ ਹੇਰਾਫੇਰੀਆਂ ਕਰਦਾ ਸੀ। ਪੈਸੇ ਭਾਲਦਾ ਸੀ।
- : ਫੇਰ ?
- : ਰੁਲਦਾ ਸਿੰਘ ਨੇ ਇਕ ਦੋ ਵਾਰ ਕਿਹਾ 'ਬਾਊ ਐਵੀਂ ਤੰਗ ਨਾ ਕਰ, ਅਸੀਂ ਅੱਗੇ ਹੀ ਬੜੇ ਸਤੇ ਹਾਂ। ਪਰ..
- : ਪਰ ਕੀ ਚੇਲਾ ਜੀ ?
- : ਪਰ ਬਾਊ ਆਕੜ ਗਿਆ। ਆਖੇ ਹਮ ਇੰਸਪੈਕਟਰ ਹੋਤੇ ਹੈਂ। ਹਮਾਰੀ ਬੜੀ ਪਾਵਰ ਹੈ। ਹਮ ਜੋ ਮਰਜ਼ੀ ਸਿਆਹ ਸਫੈਦ ਕਰੇਂ, ਹਮੇਂ ਨਹੀਂ ਕੋਈ ਪੂਛ ਸਕਤਾ।
- : ਫੇਰ ?
- : ਫੇਰ ਅਗਲਿਆਂ ਨੇ ਪੁੱਛ ਲਿਆ ਗੁਰੂ ਦੇਵ। ਹੁਣ ਸਵਾਹ 'ਚ ਲਿਬੜੀ ਕੁੱਤੀ ਵਾਂਗ ਚਊਂ ਚਊਂ ਪਿਆ ਕਰਦਾ ਏ।
- : ਪਰ ਚੇਲਾ ਜੀ, ਇਹ ਬਹੁਤ ਮਾੜਾ ਹੋਇਆ।
- : ਕਿਉਂ ਗੁਰੂ ਦੇਵ ?
- : ਰੁਲਦਾ ਸਿੰਘ ਕੋ ਆਪਹੁਦਰੀ, ਆਪ ਮੁਹਾਰੀ ਕਾਰਵਾਈ ਨਹੀਂ ਕਰਨਾ ਚਾਹੀਏ ਥਾ।
- : ਫੇਰ ਕੀ ਕਰਨਾ ਚਾਹੀਦਾ ਸੀ, ਗੁਰੂ ਦੇਵ ?
- : ਚੇਲਾ ਜੀ, ਉਸ ਨੂੰ ਚਾਹੀਦਾ ਸੀ ਕਿ ਜਥੇਬੰਦੀ ਅੱਗੇ ਸ਼ਿਕਾਇਤ ਕਰੇ।

ਜੇ ਜਥੇਬੰਦੀ ਨਹੀਂ ਤਾਂ ਜਥੇਬੰਦੀ ਬਣਾਈ ਜਾਏ। ਚੇਤਨਾ ਲਿਆਂਦੀ ਜਾਏ ਕਿ ਸਾਰੇ ਸਿਸਟਮ ਵਿਚ ਕਿਸਾਨ ਦੀ ਕਿਉਂ ਲੁੱਟ ਖਸੁੱਟ ਹੈ? ਇਕ ਵਿਉਂਤ ਬਣਾ ਕੇ ਉਤਲੇ ਅਫ਼ਸਰਾਂ ਕੋਲ ਅਰਜ਼ੀ ਦੇਣੀ ਚਾਹੀਦੀ ਹੈ।

– : ਗੁਰੂ ਦੇਵ, ਰੁਲਦਾ ਸਿੰਘ ਨੇ ਗੋਡੇ ਗੋਡੇ ਡੂੰਘੇ ਪਾਣੀ ਵਿਚ ਖਲੋ ਕੇ, ਲਹੂ ਪੀਣੀਆਂ ਜੋਕਾਂ ਲੜਵਾ ਕੇ ਝੋਨਾ ਲਾਇਆ ਸੀ। ਧੁੱਪਾਂ ਵਿਚ ਨੰਗੇ ਪਿੰਡੇ ਕੰਮ ਕਰਕੇ ਉਹਦੀ ਪਰਵਰਿਸ਼ ਕੀਤੀ ਸੀ, ਬਿਮਾਰੀ ਪੈਣ 'ਤੇ ਜ਼ਹਿਰੀਲੀਆਂ ਦਵਾਈਆਂ ਦਾ ਛਿੜਕਾਅ ਕੀਤਾ ਸੀ। ਇਹ ਕਰਕੇ ਉਹ ਆਪ ਬਿਮਾਰ ਪੈ ਗਿਆ ਸੀ। ਝੋਨੇ ਦੀ ਬਿਮਾਰੀ ਝਾੜ ਦਾ ਅੱਧਾ ਹਿੱਸਾ ਖਾ ਗਈ ਤੇ ਬਾਕੀ ਅੱਧ ਦੀ ਜਦੋਂ ਇੰਸਪੈਕਟਰਾਂ ਦੇ ਹਥੋਂ ਬੇਪੱਤੀ ਹੋਈ ਵੇਖੀ ਤਾਂ ਉਹ ਬਰਦਾਸ਼ਤ ਨਹੀਂ ਕਰ ਸਕਿਆ। ਉਸ ਨੂੰ ਇਹ ਵਕਤੀ ਕਾਰਵਾਈ ਦੀ ਦਲੇਰੀ ਕਰਨੀ ਪਈ।

– : ਕਾਰਵਾਈ ਕੀਤੀ, ਫੇਰ ਹੋਇਆ ਕੀ ਚੇਲਾ ਜੀ?

– : ਸਭ ਕੁਝ ਹੋਇਆ ਗੁਰੂ ਦੇਵ।

– : ਕਿਆ, ਹੋਇਆ? ਕੁਝ ਦੱਸੋ ਵੀ ਚੇਲਾ ਜੀ।

– : ਇੰਸਪੈਕਟਰਾਂ ਸਾਰਿਆਂ ਨੂੰ ਕੰਨ ਹੋ ਗਏ। ਉੱਥੇ ਹੀ ਸਾਰੇ ਕਿਸਾਨਾਂ ਨੇ ਸਲਾਹ ਬਣਾਈ ਕਿ ਰੁਲਦਾ ਸਿੰਘ ਨੇ ਜੋ ਇਕੱਲਿਆਂ ਕੀਤਾ, ਉਹ ਸਾਰਿਆਂ ਨੂੰ ਮਿਲਕੇ ਕਰਨਾ ਚਾਹੀਦਾ ਹੈ ਇਕ ਜਥੇਬੰਦੀ ਦੀ ਨੀਂਹ ਰੱਖੀ ਗਈ।

– : ਪਰ ਚੇਲਾ ਜੀ, ਸਿਧਾਂਤ ਤੋਂ ਬਿਨਾਂ ਜਥੇਬੰਦੀ ਕਿਆ ਕਰੇਗੀ?

– : ਗੁਰੂ ਦੇਵ, ਜਥੇਬੰਦੀ ਉਹਨਾਂ ਨੇ ਬਣਾ ਲਈ, ਉਹ ਵੀ ਆਪਣੇ ਆਪ ਵਿਚ ਸਿਧਾਂਤ ਦੀ ਜਿੱਤ ਏ।

– : ਚੇਲਾ ਜੀ, ਇਹ ਤਾਂ ਆਪ ਮੁਹਾਰਤਾ ਏ।

– : ਪਰ ਗੁਰੂ ਦੇਵ, ਇਹ ਜ਼ਿੰਦਗੀ ਦਾ ਸੱਚ ਏ।

– : ਚੇਲਾ ਜੀ, ਰੁਲਦਾ ਸਿੰਘ ਕੋ ਚਾਹੀਦਾ ਥਾ ਕਿ ਪਹਿਲੇ ਸਾਰੀ ਗੱਲ ਸਮਝਤਾ ਕਿ ਯੇਹ ਇੰਸਪੈਕਟਰ ਕਿਉਂ ਭੂਤਰੇ ਹੂਏ ਹੈਂ? ਇਨਕੇ ਪੀਛੇ ਤਾਕਤ ਕਿਹੜੀ ਕੰਮ ਕਰਤੀ ਹੈ, ਉਸ ਦਾ ਵਿਸ਼ਲੇਸ਼ਣ ਕਰਦਾ ਕਿ ਇਤਿਹਾਸਕ ਪ੍ਰਸੰਗ ਮੇਂ ਇਸ ਦਾ ਕਿਆ ਗਤੀ ਹੈ – ਪਰ ਚੇਲਾ ਜੀ ਤੂੰ ਉੱਠ ਕੇ ਕਹਾਂ ਚਲਾ ਹੈ? ਸਾਰੀ ਗੱਲ ਤਾਂ ਸੁਣਕੇ ਜਾਹ।

– : ਤੁਹਾਡੀ ਗੱਲ ਸੁਣ ਲਈ ਏ ਗੁਰੂ ਦੇਵ, ਮੇਰੀ ਵੀ ਇਕ ਸੁਣ ਲਵੋ।

– : ਕੀ ਚੇਲਾ ਜੀ?

– : ਰੁਲਦਾ ਸਿੰਘ ਇਕ ਕਿਸਾਨ ਏਂ, ਕਿਸੇ ਯੂਨੀਵਰਸਿਟੀ ਦਾ ਪ੍ਰੋਫੈਸਰ ਨਹੀਂ।